brampton.ca BRAMPTON Flower City

media release

2 ਮਈ, 2018

# ਸਟੋਰਮਵਾਟਰ ਮੈਨੇਜਮੈਂਟ ਫਾਈਨੈਂਸਿੰਗ ਸਟਡੀ ਜਨਤਕ ਜਾਣਕਾਰੀ ਸੈਸ਼ਨ

***9 ਮਈ ਨੂੰ ਬ੍ਰੈਂਪਟਨ ਸਿਟੀ ਹਾਲ ਵਿਖੇ***

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton) ਨੇ ਸਟੋਰਮਵਾਟਰ (ਭਾਰੀ ਵਰਖਾ, ਬਰਫ਼ਬਾਰੀ ਆਦਿ ਦਾ ਪਾਣੀ) (stormwater) ਇੰਫਰਾਸਟ੍ਰਕਚਰ ਸੰਪਤੀਆਂ ਨੂੰ ਸੰਭਾਲਣ ਅਤੇ ਫੰਡ ਲਈ ਇੱਕ ਵਿਆਪਕ ਸਟੋਰਮਵਾਟਰ (stormwater) ਪ੍ਰੋਗਰਾਮ ਵਿਕਸਿਤ ਕਰਨ ਲਈ ਸਟੋਰਮਵਾਟਰ ਮੈਨੇਜਮੈਂਟ ਫਾਈਨੈਂਸਿੰਗ ਸਟਡੀ (Stormwater Management Financing Study) ਦੀ ਸ਼ੁਰੂਆਤ ਕੀਤੀ ਹੈ।

ਨਿਵਾਸੀਆਂ ਨੂੰ ਸਟੋਰਮਵਾਟਰ (stormwater) ਪ੍ਰਬੰਧਨ ਅਤੇ ਅਧਿਐਨ ਦੇ ਨਿਸ਼ਕਰਸ਼ਾਂ ਬਾਰੇ ਹੋਰ ਜਾਣਕਾਰੀ ਲਈ ਅਤੇ ਪ੍ਰਸਤਾਵਿਤ ਨਵੇਂ ਪ੍ਰੋਗਰਾਮ, ਤਰਜੀਹੀ ਰੇਟ ਸਟ੍ਰਕਚਰ ਅਤੇ ਫੰਡਿੰਗ ਮਾੱਡਲ ਬਾਰੇ ਸੁਝਾਅ ਮੁਹੱਈਆ ਕਰਨ ਲਈ ਬੁੱਧਵਾਰ, 9 ਮਈ ਨੂੰ ਸ਼ਾਮ 7 ਤੋਂ 9 ਵਜੇ ਤੱਕ ਸਿਟੀ ਹਾਲ ਐਟਰੀਅਮ (City Hall Atrium) ਵਿਖੇ ਇੱਕ ਜਨਤਕ ਜਾਣਕਾਰੀ ਸੈਸ਼ਨ (Public Information Session) ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ।

ਜਾਣਕਾਰੀ ਸੈਸ਼ਨ ਵਿੱਚ ਭਾਈਚਾਰਕ ਮੈਂਬਰਾਂ ਵੱਲੋਂ ਸਮੀਖਿਆ ਕਰਨ ਲਈ ਪੋਸਟਰ ਬੋਰਡਾਂ ਦੀ ਇੱਕ ਸੀਰੀਜ ਸ਼ਾਮਲ ਹੋਵੇਗੀ। ਸਿਟੀ ਦਾ ਸਟਾਫ ਅਤੇ ਪ੍ਰੋਜੈਕਟ ਟੀਮ ਮੈਂਬਰ ਸਵਾਲਾਂ ਦੇ ਜਵਾਬ ਦੇਣ ਅਤੇ ਸਟੋਰਮਵਾਟਰ (stormwater) ਪ੍ਰਬੰਧਨ ਅਤੇ ਅਧਿਐਨ ਬਾਰੇ ਹੋਰ ਵਿਚਾਰ-ਵਟਾਂਦਰਾ ਕਰਨ ਲਈ ਮੌਜੂਦ ਹੋਣਗੇ।

ਜੇਕਰ ਇੱਛੁਕ ਧਿਰਾਂ ਸ਼ਾਮਲ ਹੋਣ ਵਿੱਚ ਅਸਮਰੱਥ ਹਨ, ਉਹਨਾਂ ਲਈ ਜਾਣਕਾਰੀ ਸੈਸ਼ਨ ਤੋਂ ਬਾਅਦ ਪੋਸਟਰ ਬੋਰਡਾਂ ਅਤੇ ਇੱਕ ਟਿੱਪਣੀ ਫਾਰਮ ਦਾ ਇਲੈਕਟ੍ਰੋਨਿਕ ਸੰਸਕਰਨ www.brampton.ca 'ਤੇ ਉਪਲਬਧ ਹੋਵੇਗਾ। ਟਿੱਪਣੀ ਦੀ ਮਿਆਦ 31 ਮਈ, 2018 ਤੱਕ ਦੀ ਹੋਵੇਗੀ।

ਸਟੋਰਮਵਾਟਰ (stormwater) ਪ੍ਰਬੰਧਨ ਭਾਈਚਾਰਕ ਸੁਰੱਖਿਆ ਅਤੇ ਵਾਤਾਵਰਨ ਸਬੰਧੀ ਰੱਖਿਆ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਜਲਵਾਯੂ ਪਰਿਵਰਤਨ, ਪੁਰਾਣਾ ਇੰਫਰਾਸਟ੍ਰਕਚਰ ਅਤੇ ਇੱਕ ਵਧਦਾ ਭਾਈਚਾਰਾ ਜਿਹੇ ਕਾਰਕਾਂ ਦੇ ਕਾਰਨ, ਸਿਟੀ ਨੂੰ ਇਹ ਯਕੀਨੀ ਬਣਾਉਣ ਲਈ ਕਿ ਅਸੀਂ ਲਗਾਤਾਰ ਉਹ ਸੇਵਾਵਾਂ ਮੁਹੱਈਆ ਕਰਦੇ ਹਾਂ, ਜਿਹਨਾਂ ਦੀ ਸਾਡਾ ਭਾਈਚਾਰਾ ਉਮੀਦ ਕਰਦਾ ਹੈ, ਇੱਕ ਸਥਿਰ ਅਤੇ ਮਾਲੀ ਪੱਖ ਤੋਂ ਜ਼ਿੰਮੇਵਾਰ ਤਰੀਕੇ ਨਾਲ ਸਟੋਰਮਵਾਟਰ (stormwater) ਇੰਫਰਾਸਟ੍ਰਕਚਰ ਸੰਭਾਲਣ ਲਈ ਇੱਕ ਕਿਰਿਆਸ਼ੀਲ ਪ੍ਰੋਗਰਾਮ ਵਿਕਸਿਤ ਕਰਨ ਦੀ ਲੋੜ ਹੈ।

ਹੋਰ ਜਾਣਕਾਰੀ ਲਈ, www.brampton.ca 'ਤੇ ਜਾਓ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**

BRAMPTON
Flower City
brampton.ca

# media release

ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca